**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**
**ਐਸ.ਸੀ.ਓ. ਨੰ : 104-106, ਦੂਜੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ।**

**ਵੱਲ**

ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ.ਸਿ) (ਵੈਬ ਸਾਇਟ ਰਾਹੀਂ)
ਸਮੂਹ ਪ੍ਰਿੰਸੀਪਲ ਇੰਨ ਸਰਵਿਸ ਟ੍ਰੇਨਿੰਗ ਸੈਂਟਰ (ਵੈਬ ਸਾਇਟ ਰਾਹੀਂ)
ਪ੍ਰਿੰਸੀਪਲ ਡਾਇਟ (ਫਤਿਹਗੜ ਸਾਹਿਬ,ਮੋਗਾ,ਮਾਨਸਾ,ਮੁਕਤਸਰ,ਨਵਾਂਸ਼ਹਿਰ)

**ਮੀਮੋ ਨੰ: ਸਸਅ/ਟੀ.ਟੀ/2011-12/84518**
**ਮਿਤੀ, ਚੰਡੀਗੜ੍ਹ : 16.09.2011**

**ਵਿਸ਼ਾ: ਸਾਲ 2011-12 ਵਿੱਚ ਬਲਾਕ ਪੱਧਰ ਤੇ ਲੱਗਣ ਵਾਲੀਆਂ ਅੱਪਰ ਪ੍ਰਾਇਮਰੀ ਅਧਿਆਪਕਾਂ ਦੀਆਂ ਵਿਸ਼ਾਵਾਰ ਟ੍ਰੇਨਿੰਗਜ਼ ਸਬੰਧੀ।**

**1.0** ਉਪਰੋਕਤ ਵਿਸ਼ੇ ਦੇ ਹਵਾਲੇ ਅਧੀਨ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2011-12 ਦੌਰਾਨ ਅੱਪਰ ਪ੍ਰਾਇਮਰੀ ਅਧਿਆਪਕਾਂ ਦੀ ਵਿਸ਼ਾਵਾਰ ਟ੍ਰੇਨਿੰਗ ਛੇ ਫੇਜ਼ਾ ਵਿੱਚ ਮੁੱਖ ਦਫ਼ਤਰ ਵਲੋਂ ਕਰਵਾਈ ਜਾ ਰਹੀ ਹੈ। ਇਹਨਾ ਛੇ ਫੇਜ਼ਾ ਵਿੱਚ ਹਿੰਦੀ ,ਪੰਜਾਬੀ, ਹਿਸਾਬ, ਸਾਇੰਸ, ਅੰਗਰੇਜ਼ੀ/ਸਮਾਜਿਕ ਸਿੱਖਿਆ ਅਤੇ ਸ਼ਰੀਰਕ ਸਿੱਖਿਆ ਵਿਸ਼ੇ ਨਾਲ ਸਬੰਧਤ ਟ੍ਰੇਨਿੰਗ ਹਰ ਜ਼ਿਲ੍ਹੇ ਵਿੱਚ GISTC/DIET ਦੁਆਰਾ ਤਿਆਰ ਕੀਤੀ ਮਾਈਕਰੋਪਲਾਨ ਅਨੁਸਾਰ ਹੋਵੇਗੀ।

**2.0** ਅਧਿਆਪਕਾਂ ਨੂੰ ਪਹਿਲੇ ਚਾਰ ਦਿਨ ਵਿਸ਼ੇ ਨਾਲ ਸਬੰਧਤ ਅਤੇ ਪੰਜਵੇਂ ਦਿਨ 'ਲਗਾਤਾਰ ਅਤੇ ਸਮੁੱਚਾ ਮੁਲਾਂਕਣ' (CCE) ਦੀ ਟ੍ਰੇਨਿੰਗ ਕਰਵਾਈ ਜਾਣੀ ਹੈ।

**3.0** ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਵਿਸ਼ੇ ਦੇ ਅਧਿਆਪਕਾਂ ਨੂੰ ਪਹਿਲੇ ਦੋ ਦਿਨ ਅੰਗਰੇਜ਼ੀ , ਅਗਲੇ ਦੋ ਦਿਨ ਸਮਾਜਿਕ ਸਿੱਖਿਆ ਅਤੇ ਪੰਜਵੇਂ ਦਿਨ CCE ਵਿਸ਼ੇ ਦੀ ਟ੍ਰੇਨਿੰਗ ਕਰਵਾਈ ਜਾਣੀ ਹੈ।ਅੰਗਰੇਜ਼ੀ ਮਾਸਟਰ/ਮਿਸਟ੍ਰੈਸ, ਅੰਗਰੇਜ਼ੀ ਵਿਸ਼ੇ ਦੀ ਟ੍ਰੇਨਿੰਗ ਲੈਣ ਉਪਰੰਤ ਪੰਜਵੇਂ ਦਿਨ ਮੁੜ ਵਾਪਸ CCE ਵਿਸ਼ੇ ਦੀ ਟ੍ਰੇਨਿੰਗ ਲੈਣ ਆਉਣਗੇ ।

**4.0 ਮਾਇਕਰੋਪਲਾਨ ਵਿੱਚ GISTCs/DIETs ਵੱਲੋ ਹਰ ਗਰੁੱਪ ਲਈ ਅਧਿਆਪਕਾਂ ਦੇ ਨਾਵਾਂ ਦੀ ਚੋਣ ਕਰ ਲਈ ਗਈ ਹੈ। ਮਾਇਕਰੋਪਲਾਨ ਮਿਤੀ:21.10.2011 ਤੱਕ ਸਬੰਧਤ ਜਿਲ੍ਹੇ ਦੀ ਵੈਬ ਸਾਇਟ ਤੇ ਪਾਉਣਾ ਅਤੇ ਟ੍ਰੇਨੀ ਅਧਿਆਪਕਾਂ ਦੇ ਨਾਵਾਂ ਅਨੁਸਾਰ ਹੁਕਮ ਜਾਰੀ ਕਰਨਾ, ਸਬੰਧਤ ਜ਼ਿਲ੍ਹਾ ਸਿੱਖਿਆਂ ਅਫਸਰ(ਸੈ.ਸਿ)ਦੀ ਨਿਜੀ ਜਿੰਮੇਵਾਰੀ ਹੋਵੇਗੀ।**

**5.0 ਸਬੰਧਤ ਜ਼ਿਲ੍ਹਾ ਸਿੱਖਿਆਂ ਅਫਸਰ(ਸੈ.ਸਿ) ਜਿਲ੍ਹੇ ਵਿੱਚ ਨਵੇਂ ਭਰਤੀ ਹੋਏ,ਬਦਲੀ ਹੋ ਕੇ ਆਏ ਅਤੇ ਪ੍ਰਾਇਮਰੀ ਤੋਂ Promote ਹੋਏ ਅੱਪਰ ਪ੍ਰਾਇਮਰੀ ਅਧਿਆਪਕਾਂ ਦੀ ਵਿਸ਼ਾਵਾਰ ਟ੍ਰੇਨਿੰਗਜ਼ ਦੌਰਾਨ ਹਾਜ਼ਰੀ ਯਕੀਨੀ ਬਣਾਈ ਜਾਵੇ।**

**6.0** ਮੁੱਖ ਦਫ਼ਤਰ ਵਲੋਂ ਟ੍ਰੇਨਡ ਕੀਤੇ ਵਿਸ਼ਾਵਾਰ ਰਿਸੋਰਸ ਪਰਸਨਜ਼ ਦੇ ਨਾਂ GISTC/DIET ਵਲੋਂ ਮਾਇਕਰੋਪਲਾਨ ਵਿੱਚ ਦਰਜ਼ ਕਰਨ ਉਪਰੰਤ ਪਲਾਨ ਦੀ ਇੱਕ ਕਾਪੀ GISTC/DIET ਵੱਲੋਂ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਦਿੱਤੀ ਜਾਵੇ ।ਰਿਸੋਰਸ ਪਰਸਨਜ਼ ਨੂੰ ਵੀ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵਲੋਂ ਹੁਕਮ ਜਾਰੀ ਕੀਤੇ ਜਾਣਗੇ।

**7.0** GISTC/DIET ਵਲੋਂ ਦਿੱਤੀ ਮਾਇਕਰੋਪਲਾਨ ਵਿੱਚ ਜ਼ਿਲਾ ਸਿੱਖਿਆ ਅਫਸਰ ((**ਸੈ.ਸਿ**) ਵੱਲੋਂ ਨਿਮਨਹਸਤਾਖਰ ਦੀ ਪ੍ਰਵਾਨਗੀ ਤੋਂ ਬਿੰਨਾਂ ਕੋਈ ਤਬਦੀਲੀ ਨਾ ਕੀਤੀ ਜਾਵੇ।

**8.0** ਇਸ ਟ੍ਰੇਨਿੰਗ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ।

| **ਫੇਜ਼** | **ਮਿਤੀ** | **ਵਿਸ਼ੇਸ਼ ਕਥਨ** |
|---|---|---|
| **i.** | 31.10.2011 ਤੋਂ 04.11.2011 | ਛੁੱਟੀ ਵਾਲੇ ਦਿਨ ਟ੍ਰੇਨਿੰਗ ਨਹੀਂ ਹੋਵੇਗੀ |
| **ii.** | 14.11.2011 ਤੋਂ 18.11.2011 | ----------ਉਹੀ------------ |
| **iii.** | 21.112011 ਤੋਂ 26.11.2011 | ----------ਉਹੀ------------ |
| **iv.** | 28.11.2011 ਤੋਂ 02.12.2011 | ----------ਉਹੀ------------ |
| **v.** | 05.12.2011 ਤੋਂ 09.12.2011 | ----------ਉਹੀ------------ |
| **vi.** | 12.12.2011 ਤੋਂ 16.12.2011 | ----------ਉਹੀ------------ |

**9.0** ਇਸ ਟ੍ਰੇਨਿੰਗ ਦਾ ਸਮਾਂ ਸਵੇਰੇ 9.00 ਵਜੇ ਤੋਂ 3.00 ਵਜੇ ਤੱਕ ਹੋਵੇਗਾ।

**10.0** ਇਹ ਟ੍ਰੇਨਿੰਗ ਮੁੱਖ ਦਫ਼ਤਰ ਵੱਲੋਂ ਜਾਰੀ ਕੀਤੀ ਵਿਸ਼ਾਵਾਰ ਸਮਾਂ- ਸਾਰਣੀ ਅਨੁਸਾਰ ਕਰਵਾਈ ਜਾਵੇਗੀ ਜੋ ਆਪ ਨੂੰ ਸਮੇਂ ਸਿਰ ਮੁਹੱਈਆਂ ਕਰਵਾ ਦਿੱਤੀ ਜਾਵੇਗੀ।ਸਮੂਹ ਪ੍ਰਿੰਸੀਪਲ GISTCs/DIETs ਵਲੋਂ ਸਮੂਹ ਵਿਸ਼ਿਆਂ ਦੀ ਸਮਾਂ-ਸਾਰਣੀ ਸਬੰਧਤ ਜਿਲ੍ਹੇ ਦੇ ਸਮੂਹ ਟ੍ਰੇਨਿੰਗ ਸੈਂਟਰਜ਼ ਤੇ ਟ੍ਰੇਨਿੰਗਜ਼ ਸ਼ੁਰੂ ਹੋਣ ਤੋਂ ਪਹਿਲਾ ਪੁੱਜਦਾ ਕਰਨਾ ਯਕੀਨੀ ਬਣਾਇਆ ਜਾਵੇ।

**11.0** ਪ੍ਰਿੰਸੀਪਲ GISTCs/DIETs ਵਲੋਂ ਕੋਆਰਡੀਨੇਟਰਜ਼ ਨੂੰ ਹਦਾਇਤ ਕੀਤੀ ਜਾਵੇ ਕਿ ਟ੍ਰੇਨਿੰਗ ਦੇ ਪਹਿਲੇ ਦਿਨ ਸਬੰਧਤ ਵਿਸ਼ੇ ਦੀ ਸਮਾਂ ਸਾਰਣੀ ਅਧਿਆਪਕਾਂ ਨੂੰ ਨੋਟ ਕਰਵਾਈ ਜਾਵੇ।

**12.0** ਟ੍ਰੇਨਿੰਗਜ਼ ਦੌਰਾਨ ਅਧਿਆਪਕਾਂ ਦੇ ਬੈਠਣ ਦੇ ਵਧੀਆਂ ਪ੍ਰਬੰਧ ,ਬਿਜਲੀ ,ਪਾਣੀ,ਜਨਰੇਟਰ ਸਫਾਈ ਆਦਿ ਦੇ ਪ੍ਰਬੰਧ ਦੀ ਜਿੰਮੇਵਾਰੀ ਸਬੰਧਤ ਪ੍ਰਿੰਸੀਪਲ GISTC/DIET ਦੀ ਹੋਵੇਗੀ।

**13.0** ਹਰੇਕ ਅਧਿਆਪਕ ਨੂੰ ਉਸ ਦੇ ਟ੍ਰੇਨਿੰਗ ਸੈਂਟਰ ਵਿੱਖੇ ਮੁੱਖ ਦਫ਼ਤਰ ਵਲੋਂ ਭੇਜੇ ਗਏ ਮਾਡਿਊਲਜ਼ ਦੇਣ ਦੀ ਜਿੰਮੇਵਾਰੀ ਪ੍ਰਿੰਸੀਪਲ GISTC/DIET ਦੀ ਹੈ।

**14.0** ਹਰ ਅਧਿਆਪਕ ਤੋਂ ਵਿਅਕਤੀਗਤ ਤੌਰ ਤੇ ਟ੍ਰੇਨਿੰਗ ਸਬੰਧੀ ਲਿੱਖਤ ਫੀਡ ਬੈਕ ਲਈ ਜਾਵੇ। GISTC/DIET ਵਲੋਂ ਉਸ ਦਾ analysis ਕਰਕੇ ਮੁੱਖ ਦਫ਼ਤਰ ਨੂੰ ਭੇਜਿਆ ਜਾਵੇ।

**15.0** ਉਪਰੋਕਤ ਟ੍ਰੇਨਿੰਗਜ਼ ਦੀ ਮੋਨੀਟਰਿੰਗ ਡਾਇਰੈਕਟਰ SCERT ,ਮੁੱਖ ਦਫ਼ਤਰ ਦੇ ਅਧਿਕਾਰੀਆਂ ਸਮੂਹ ਮੰਡਲ ਸਿੱਖਿਆ ਅਫ਼ਸਰ, ਸਮੂਹ ਪ੍ਰਿੰਸੀਪਲ GISTCs, ਸਬੰਧਤ DIETs ਅਤੇ ਆਪ ਜੀ ਵਲੋਂ ਕੀਤੀ ਜਾਣੀ ਹੈ। ਮੋਨੀਟਰਿੰਗ ਉਪਰੰਤ ਨਿਰੀਖਣ ਰਿਪੋਰਟ ਨਿਮਨਹਸਤਾਖਰ ਨੂੰ ਭੇਜੀ ਜਾਵੇ।

**16.0 ਟ੍ਰੇਨਿੰਗ ਦੌਰਾਨ ਗੈਰਹਾਜ਼ਰ ਪਾਏ ਗਏ ਅਧਿਆਪਕਾਂ ਵਿਰੁੱਧ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵਲੋਂ ਬਣਦੀ ਅਨੁਸ਼ਾਸ਼ਨੀ ਕਾਰਵਾਈ ਕਰਨ ਉਪਰੰਤ ਮੁੱਖ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ।**

**17.0** ਉਪਰੋਕਤ ਟ੍ਰੇਨਿੰਗਜ਼ ਤੇ ਆਉਣ ਵਾਲਾ ਖਰਚਾ, ਐਸ.ਐਸ.ਏ. ਦੇ ਨਿਯਮਾ ਨੂੰ ਮੱਦੇਨਜ਼ਰ ਰੱਖਦੇ ਹੋਏ, ਮੁੱਖ ਦਫ਼ਤਰ ਵਲੋਂ ਜਾਰੀ ਪੱਤਰ ਨੰ: ਸਸਅ/ਟੀ.ਟੀ/2011-12/21483 ਮਿਤੀ:22.04.2011 ਅਨੁਸਾਰ GISTCs/DIETs ਵੱਲੋ ਟੀਚਰ ਟ੍ਰੇਨਿੰਗ ਫੰਡ ਦੇ ਮੱਦ 6.01 ਵਿਚੋਂ ਕੀਤਾ ਜਾਵੇਗਾ।

**ਡਿਪਟੀ ਸਟੇਟ ਪ੍ਰਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥੋਰਿਟੀ,**
**ਪੰਜਾਬ,ਚੰਡੀਗੜ੍ਹ**

**ਪਿਠ ਅੰਕਣ ਨੰ: ਏਐਸਪੀਡੀ/ਟੀ.ਟੀ/2011-12/ ਉਕਤ ਮਿਤੀ: 16.09.2011**

ਇਸ ਦਾ ਉਤਾਰਾ ਨੂੰ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਡਾਇਰੈਕਟਰ SCERT
2. ਮੰਡਲ ਸਿੱਖਿਆ ਅਫਸਰ (ਫਰੀਦਕੋਟ, ਜਲੰਧਰ, ਨਾਭਾ)
3. ਡੀ.ਐਮ.(ਐਮ.ਆਈ ਐਸ) ਸ.ਸ.ਅ ਵੈਬ ਸਾਇਟ ਤੇ ਪਾਉਣ ਲਈ।

**ਡਿਪਟੀ ਸਟੇਟ ਪ੍ਰਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥੋਰਿਟੀ,**
**ਪੰਜਾਬ,ਚੰਡੀਗੜ੍ਹ**